BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (24 ਫਰਵਰੀ, 2022) – ਸਿਟੀ ਆਫ ਬ੍ਰੈਂਪਟਨ, ਬ੍ਰੈਂਪਟਨ ਦੀਆਂ ਉਹਨਾਂ ਮਹਿਲਾਵਾਂ ਦੀ ਉਪਲਬਧੀ ਅਤੇ ਪ੍ਰਭਾਵ ਬਾਰੇ ਜਾਗਰੂਕਤਾ ਫੈਲਾਉਣ ਲਈ, 8 ਮਾਰਚ ਨੂੰ ਵਿਅਕਤੀਗਤ ਕਾਰਜਕਰਮਾਂ ਦੇ ਨਾਲ ਅੰਤਰਰਾਸ਼ਟਰੀ ਮਹਿਲਾ ਦਿਵਸ (International Women's Day) ਮਨਾ ਰਹੀ ਹੈ, ਜਿਹਨਾਂ ਨੇ ਬ੍ਰੈਂਪਟਨ ਨੂੰ ਸਰਗਰਮ, ਹਮਦਰਦੀਪੂਰਣ ਅਤੇ ਖੁਸ਼ਹਾਲ ਸ਼ਹਿਰ ਬਣਾਉਣ ਵਿੱਚ ਯੋਗਦਾਨ ਦਿੱਤਾ, ਜੋ ਅੱਜ ਇਹ ਹੈ।

**ਅੰਤਰਰਾਸ਼ਟਰੀ ਮਹਿਲਾ ਦਿਵਸ ਪੈਨਲ ਚਰਚਾਵਾਂ ਅਤੇ ਮੁੱਖ ਸਪੀਚ**

8 ਮਾਰਚ, ਸ਼ਾਮ 5 – 7 ਵਜੇ ਤੱਕ

ਬ੍ਰੈਂਪਟਨ-ਕੈਲਡਨ (Brampton-Caledon) ਦੇ ਜ਼ੋਂਟਾ ਕਲੱਬ (Zonta Club) ਦੇ ਨਾਲ ਭਾਈਵਾਲੀ ਵਿੱਚ, ਸਿਟੀ ਆਫ ਬ੍ਰੈਂਪਟਨ, ਦੋ, ਵਿਅਕਤੀਗਤ ਪੈਨਲ ਚਰਚਾਵਾਂ ਪੇਸ਼ ਕਰ ਰਹੀ ਹੈ, ਜਿਹਨਾਂ ਦੀ ਮੇਜਬਾਨੀ ਜੈਮ ਗੈਂਬਲ (Jam Gamble) ਕਰਨਗੇ ਅਤੇ ਕਾਉਂਸਲਰਸ ਸ਼ਾਰਮੇਨ ਵਿਲੀਅਮਸ (Charmaine Williams) ਅਤੇ ਰੋਏਨਾ ਸੈਨਟੋਸ (Rowena Santos), ਇਹਨਾਂ ਵਿੱਚ ਆਪਣੇ ਵਿਚਾਰ ਪੇਸ਼ ਕਰਨਗੇ।

- ਮਹਿਲਾਵਾਂ ਨਾਲ ਹਿੰਸਾ ਨਾ ਕਰੋ: ਮਨੁੱਖੀ ਤਸਕਰੀ (Say No to Violence Against Women: Human Trafficking)
- ਲੋਕਲ ਮਹਿਲਾਵਾਂ ਅਤੇ ਉਹ ਬ੍ਰੈਂਪਟਨ ਵਿੱਚ ਮਹਿਲਾਵਾਂ ਦੇ ਸ਼ਕਤੀਕਰਨ ਲੈਂਡਸਕੇਪ ਵਿੱਚ ਕਿਵੇਂ ਯੋਗਦਾਨ ਦਿੰਦੀਆਂ ਹਨ (Local Women & How They Contribute to the Women's Empowerment Landscape in Brampton)

ਇਹਨਾਂ ਸੈਸ਼ਨਾਂ ਤੋਂ ਬਾਅਦ, ਸਾਮਰਾ ਜ਼ਫਰ (Samra Zafar) ਵੱਲੋਂ ਮੁੱਖ ਸਪੀਚ ਦਿੱਤੀ ਜਾਵੇਗੀ। ਉਹ ਅੰਤਰਰਾਸ਼ਟਰੀ ਤੌਰ ਤੇ ਪ੍ਰਸਿੱਧ ਅਵਾਰਡ-ਜੇਤੂ ਸਪੀਕਰ, ਪ੍ਰਸਿੱਧ ਲੇਖਿਕਾ ਅਤੇ ਬਰਾਬਰੀ, ਮਾਨਸਿਕ ਸਿਹਤ ਅਤੇ ਮਨੁੱਖੀ ਹੱਕਾਂ ਲਈ ਐਜੁਕੇਟਰ ਹਨ।

ਇਹ ਸੈਸ਼ਨ, ਇਹਨਾਂ ਮਹੱਤਵਪੂਰਣ ਵਿਸ਼ਿਆਂ ਤੇ ਚਰਚਾ ਕਰਨ ਲਈ, ਮਾਹਰਾਂ ਅਤੇ ਕਮਿਉਨਿਟੀ ਭਾਈਵਾਲਾਂ ਨੂੰ ਇਕੱਠਾ ਲਿਆਉਂਦੇ ਹਨ।

ਇਸ ਕਾਰਜਕਰਮ ਦੇ ਪ੍ਰਾਯੋਜਕ (ਸਪਾਂਸਰ), ਕੋਕਾ-ਕੋਲਾ ਕੈਨੇਡਾ ਬੋਟਲਿੰਗ ਲਿਮਿਟੇਡ (Coca-Cola Canada Bottling Limited) ਦਾ ਧੰਨਵਾਦ।

ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਕਾਰਜਕਰਮ ਬਾਰੇ ਹੋਰ ਜਾਣਕਾਰੀ ਲਈ, brampton.ca/IWD ਤੇ ਜਾਓ।

**ਐਕਸਪੀਰੀਐਂਸ ਬੌਕਸ (Experience Box)**

ਇਹ ਲਿਮਿਟੇਡ ਐਡੀਸ਼ਨ, ਤਿਆਰ ਕੀਤੇ ਗਿਫਟ ਬੌਕਸ, ਲੋਕਲ ਮਹਿਲਾਵਾਂ ਦੀ ਮਾਲਕੀ ਵਾਲੇ ਕਾਰੋਬਾਰਾਂ ਦੇ ਉਤਪਾਦ ਅਤੇ ਸੇਵਾਵਾਂ ਪੇਸ਼ ਕਰਦੇ ਹਨ। ਸਾਰੇ ਬੌਕਸਿਜ ਵਿੱਚ ਸ਼ਾਮਲ ਹੋਵੇਗਾ:

- ਮੂਡਜਕਸਲ (Moodgxl) ਦੇ ਦੁਆਰਾ ਹਾਈਡ੍ਰੇਟਿੰਗ ਫੇਸ ਮਾਸਕ (Hydrating Face Masks)
- ਦ ਸੰਕਲਪ ਪ੍ਰੋਜੈਕਟ (The Sankalpa Project) ਦੇ ਦੁਆਰਾ ਅਫਰਮੇਸ਼ਨ ਕਾਰਡਸ (Affirmation Cards)
- ਅਰੋਮਾ ਕਮਫਰਟਸ 4 ਯੂ (Aroma Comforts 4 U) ਦੇ ਦੁਆਰਾ ਬਾਥ ਬੰਬਸ (Bath Bombs)

- ਫ੍ਰੂਟਸ ਐਂਡ ਰੂਟਸ ਹੋਲਿਸਟਿਕਸ (Fruits and Roots Holistics) ਦੇ ਦੁਆਰਾ ਹਰਬਲ ਬਾਥ ਸਾਲਟਸ (Herbal Bath Salts)
- ਅਤੇ ਹੋਰ ਵੀ ਬਹੁਤ ਕੁਝ!

ਬੌਕਸ ਉਹਨਾਂ ਪਹਿਲੇ 50 ਲੋਕਾਂ ਨੂੰ ਪ੍ਰਦਾਨ ਕੀਤੇ ਜਾਣਗੇ, ਜੋ ਦ ਇਲੇਨ ਹਾਊਸ (The Ellen House) ਲਈ, ਘੱਟੋ-ਘੱਟ 20 ਡਾਲਰ ਦੀ ਚੈਰਿਟੇਬਲ ਡੋਨੇਸ਼ਨ ਦੇਣਗੇ।

**ਉੱਦਮੀਆਂ ਦਾ ਸ਼ਕਤੀਕਰਨ ਕਰਨਾ**

ਬ੍ਰੈਂਪਟਨ ਐਂਟਰਪ੍ਰੀਨੀਅਰ ਸੈਂਟਰ (Brampton Entrepreneur Centre) ਨੂੰ ਤਿੰਨ ਆਗਾਮੀ ਕਾਰਜਕਰਮਾਂ ਦੀ ਹਿਮਾਇਤ ਕਰਨ ਤੇ ਖੁਸ਼ੀ ਹੈ, ਜਿਹਨਾਂ ਵਿੱਚ ਲਿੰਗ ਸਬੰਧੀ ਬਰਾਬਰੀ ਨੂੰ ਵਧਾਉਣ ਬਾਰੇ ਚਰਚਾ ਹੋਵੇਗੀ, ਆਗੂ ਮਹਿਲਾ ਲੀਡਰਾਂ ਦੇ ਨਾਲ ਅਰਥਪੂਰਣ ਗੱਲਬਾਤਾਂ ਹੋਣਗੀਆਂ ਅਤੇ ਸਾਡੀ ਕਮਿਉਨਿਟੀ ਵਿੱਚ ਬਿਜਨੇਸਵੂਮੈਨ ਦਾ ਜਸ਼ਨ ਮਨਾਇਆ ਜਾਵੇਗਾ।

- 2 ਮਾਰਚ: ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਦੀ ਮੇਜਬਾਨੀ ਵਿੱਚ, InspiHer
- 9 ਮਾਰਚ: ਬ੍ਰੈਂਪਟਨ ਬੋਰਡ ਆਫ ਟ੍ਰੇਡ ਦੀ ਮੇਜਬਾਨੀ ਵਿੱਚ, #BreakTheBias ਕੈਨੇਡਾ ਦੇ ਕਾਰਜਸਥਾਨ ਦਾ ਬਦਲਦਾ ਚਿਹਰਾ (#BreakTheBias The Changing Face of Canada's Workplace)
- 10 ਮਾਰਚ: ਸਟਾਰਟਅਪ ਪੀਲ (StartUp Peel) ਦੀ ਮੇਜਬਾਨੀ ਵਿੱਚ, IWD2022 #BreakTheBias

**ਹਵਾਲੇ**

"ਇਸ ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਤੇ ਸਾਡੇ ਨਾਲ ਜੁੜੋ ਕਿਉਂਕਿ ਅਸੀਂ, ਸਾਡੀ ਕਮਿਉਨਿਟੀ ਦੀਆਂ ਉਹਨਾਂ ਸਮਰਪਿਤ ਮਹਿਲਾਵਾਂ ਦੀਆਂ ਉਪਲਬਧੀਆਂ ਦਾ ਜਸ਼ਨ ਮਨਾ ਰਹੇ ਹਾਂ, ਜਿਹਨਾਂ ਨੇ ਬ੍ਰੈਂਪਟਨ ਨੂੰ ਅਜਿਹਾ ਸ਼ਹਿਰ ਬਣਾਇਆ ਹੈ, ਜੋ ਅੱਜ ਇਹ ਹੈ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਜ਼ੋਂਟਾ ਕਲੱਬ ਬ੍ਰੈਂਪਟਨ-ਕੈਲਡਨ ਦੇ ਨਾਲ ਅਰਥਪੂਰਣ ਚਰਚਾਵਾਂ ਵਿੱਚ ਅਤੇ ਅਵਾਰਡ-ਜੇਤੂ ਸਪੀਕਰ, ਸਾਮਰਾ ਜ਼ਫਰ ਵੱਲੋਂ ਜੋਸ਼ੀਲੀ ਸਪੀਚ ਵਿੱਚ ਹਿੱਸਾ ਲੈਣ ਲਈ, 8 ਮਾਰਚ ਦੇ ਕਾਰਜਕਰਮ ਵਿੱਚ ਹਿੱਸਾ ਲਵੋ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"8 ਮਾਰਚ, ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ ਤੇ, ਅਸੀਂ ਇਸ ਸ਼ਹਿਰ ਵਿੱਚ ਖਾਸ ਅਸਰ ਪਾਉਣ ਵਾਲੀਆਂ ਮਹਿਲਾਵਾਂ ਨੂੰ ਸਨਮਾਨਿਤ ਕਰਦੇ ਹੋਏ, ਲਿੰਗ ਸਬੰਧੀ ਪੂਰੀ ਬਰਾਬਰੀ ਹਾਸਲ ਕਰਨ ਲਈ ਯੋਜਨਾਬੱਧ ਤਬਦੀਲੀਆਂ ਕਰਨ ਦੀ ਸਾਡੀ ਵਚਨਬੱਧਤਾ ਨੂੰ ਮਜ਼ਬੂਤ ਕਰਦੇ ਹਾਂ। ਕੁਝ ਮਹੱਤਵਪੂਰਣ ਚਰਚਾਵਾਂ ਵਿੱਚ ਸਾਡੀ ਅਗਵਾਈ ਕਰਨ ਲਈ, ਸਾਮਰਾ ਜ਼ਫਰ, ਜੈਮ ਗੈਂਬਲ ਅਤੇ ਜ਼ੋਂਟਾ ਕਲੱਬ ਬ੍ਰੈਂਪਟਨ-ਕੈਲਡਨ ਦਾ ਸਾਡੇ ਨਾਲ ਹੋਣਾ ਸਨਮਾਨ ਦੀ ਗੱਲ ਹੈ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5*

"ਇਸ ਅੰਤਰਰਾਸ਼ਟਰੀ ਮਹਿਲਾ ਦਿਵਸ, ਅਸੀਂ ਉਹਨਾਂ ਮਹਿਲਾਵਾਂ ਦੀ ਤਾਕਤ ਅਤੇ ਮਜ਼ਬੂਤੀ ਦਾ ਜਸ਼ਨ ਮਨਾਉਂਦੇ ਹਾਂ, ਜੋ ਸਾਡੀ ਕਮਿਉਨਿਟੀ ਦਾ ਆਧਾਰ ਹਨ ਅਤੇ ਹਮੇਸ਼ਾ ਰਹਿਣਗੀਆਂ। ਕਮਿਉਨਿਟੀ ਵਿੱਚ ਮਨੁੱਖੀ ਤਸਕਰੀ, ਲਿੰਗ ਸਬੰਧੀ ਪੱਖਪਾਤ ਦੀਆਂ ਗਲਤ ਧਾਰਨਾਵਾਂ ਵਰਗੇ ਮਹੱਤਵਪੂਰਣ ਵਿਸ਼ਿਆਂ ਬਾਰੇ ਚਰਚਾ ਕਰਨ ਲਈ, 8 ਮਾਰਚ ਨੂੰ, ਵਿਅਕਤੀਗਤ ਪੈਨਲ ਚਰਚਾ ਅਤੇ ਮੁੱਖ ਸਪੀਚ ਵਾਲੇ ਕਾਰਜਕਰਮ ਵਿੱਚ ਸਾਡੇ ਨਾਲ ਜੁੜੋ। ਇਸ ਕਾਰਜਕਰਮ ਨੂੰ ਸਫਲ ਬਣਾਉਣ ਵਾਸਤੇ, ਬਹੁਤ ਸਾਰੇ ਕਮਿਉਨਿਟੀ ਭਾਈਵਾਲਾਂ ਵਿਚਕਾਰ ਸਹਿਯੋਗ ਦੇਖਣਾ ਬਹੁਤ ਹੀ ਸ਼ਾਨਦਾਰ ਹੈ।"

- *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8*

"8 ਮਾਰਚ ਨੂੰ ਅਤੇ ਰੋਜ਼ਾਨਾ, ਇਹ ਮਹੱਤਵਪੂਰਣ ਹੈ ਕਿ ਅਸੀਂ, ਸਾਡੀਆਂ ਜ਼ਿੰਦਗੀਆਂ ਵਿੱਚ ਮੌਜੂਦ ਮਹਿਲਾਵਾਂ ਦੀਆਂ ਮਹੱਤਵਪੂਰਣ ਉਪਲਬਧੀਆਂ ਦਾ ਜਸ਼ਨ ਮਨਾਈਏ ਅਤੇ ਉਹਨਾਂ ਨੂੰ ਸਨਮਾਨਿਤ ਕਰੀਏ। ਸਿਟੀ ਆਫ ਬ੍ਰੈਂਪਟਨ ਦੀ ਟੀਮ ਵਿੱਚ ਸ਼ਾਨਦਾਰ ਮਹਿਲਾਵਾਂ ਹਨ, ਜੋ ਇਸ ਸੰਗਠਨ ਅਤੇ ਕਮਿਉਨਿਟੀ ਨੂੰ ਇਕੱਠਾ, ਸਫਲ ਅਤੇ ਸੰਪੰਨ ਰੱਖਦੀਆਂ ਹਨ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca